# ਪ੍ਰੈਸ ਨੋਟ

## (31/03/2019)

ਸ੍ਰੀ ਸਤਿੰਦਰ ਸਿੰਘ (ਪੀ.ਪੀ.ਐਸ.) ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰੀ ਮਨਦੀਪ ਸਿੰਘ ਪੁਲਿਸ ਕਪਤਾਨ ਸਬ ਡਵੀਜਨ ਫਗਵਾੜਾ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਮਿਤੀ 30/03/2019 ਨੂੰ ਮਕਾਨ ਨੰਬਰ 534-ਬੀ ਆਦਰਸ਼ ਨਗਰ ਨੇੜੇ ਪਾਣੀ ਵਾਲੀ ਟੈਂਕੀ ਥਾਣਾ ਸਤਨਾਮਪੁਰਾ ਫਗਵਾੜਾ ਵਿਖੇ ਰਹਿੰਦੀ ਇੱਕ ਔਰਤ ਸਤਨਾਮ ਕੌਰ ਪਤਨੀ ਲੇਟ ਸ੍ਰੀ ਬਲਦੇਵ ਸਿੰਘ ਦਾ ਕਿਸੇ ਨੇ ਗਲ ਘੁੱਟ ਕੇ ਕੱਤਲ ਕਰ ਦਿੱਤਾ ਸੀ ,ਜਿਸ ਤੇ ਇੰਸਪੈਕਟਰ ਉਕਾਂਰ ਸਿੰਘ ਬਰਾੜ ਮੁੱਖ ਅਫਸਰ ਥਾਣਾ ਸਤਨਾਮਪੁਰਾ ਫਗਵਾੜਾ ਵੱਲੋਂ ਸ੍ਰੀ ਰਜਿੰਦਰ ਸਿੰਘ ਪੁੱਤਰ ਸੁੱਚਾ ਸਿੰਘ ਵਾਸੀ ਪਿੰਡ ਰਾਜਪੁਰ ਭਾਈਆਂ ਥਾਣਾ ਮੇਹਟੀਆਣਾ ਜ਼ਿਲਾ ਹੁਸ਼ਿਆਰਪੁਰ ਦੇ ਬਿਆਨ ਤੇ ਮੁਕੱਦਮਾ ਨੰਬਰ 39 ਮਿਤੀ 30/03/2019 ਅ/ਧ 302 ਭ:ਦ: ਥਾਣਾ ਸਤਨਾਮਪੁਰਾ ਫਗਵਾੜਾ ਦਰਜ਼ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ ਅਤੇ ਮੌਕਾ ਪਰ ਫਿੰਗਰ ਪ੍ਰਿੰਟ ਐਕਸਪਰਟ ਬਗੈਰਾ ਬੁਲਾਏ ਗਏ ਅਤੇ ਮੌਕਾ ਤੋਂ ਫਿੰਗਰ ਪ੍ਰਿੰਟਰ ਲਏ ਗਏ । ਜੋ ਤਫਤੀਸ਼ ਦੌਰਾਨ ਪਾਇਆ ਗਿਆ ਕਿ ਸ੍ਰੀਮਤੀ ਸਤਨਾਮ ਕੌਰ ਉਕਤ ਦਾ ਕੱਤਲ ਕਰਨ ਤੋਂ ਬਾਅਦ ਇਸ ਦੇ ਘਰ ਵਿੱਚੋਂ ਕੋਈ ਵੀ ਨਗਦੀ ਵਗੈਰਾ ਚੋਰੀ ਹੋਣੀ ਨਹੀਂ ਪਾਈ ਗਈ ਸੀ । ਜਿਸ ਤੇ ਇਹ ਮਾਮਲਾ ਨਿੱਜੀ ਦੁਸ਼ਮਣੀ ਦਾ ਜਾਪਣ ਲੱਗਾ ਤਾਂ ਸ੍ਰੀਮਤੀ ਸਤਨਾਮ ਕੌਰ ਦੇ ਪਰਿਵਾਰਕ ਮੈਂਬਰਾਂ ਸਬੰਧੀ ਜਾਣਕਾਰੀ ਹਾਸਿਲ ਕੀਤੀ ਗਈ ਤਾਂ ਪਾਇਆ ਗਿਆ ਕਿ ਮ੍ਰਿਤਕਾ ਸ੍ਰੀਮਤੀ ਸਤਨਾਮ ਕੌਰ ਦੇ ਪਤੀ ਦੀ ਸਾਲ 1997-1998 ਵਿੱਚ ਮੌਤ ਹੋ ਚੁੱਕੀ ਹੈ ਅਤੇ ਇਸ ਦੇ 02 ਲੜਕੇ ਵੱਡਾ ਜਗਮੋਹਣ ਸਿੰਘ ਉਰਫ ਜੱਗਾ ਅਤੇ ਛੋਟਾ ਮਨਮੋਹਣ ਸਿੰਘ ਹਨ ਅਤੇ ਮ੍ਰਿਤਕਾ ਸ੍ਰੀਮਤੀ ਸਤਨਾਮ ਕੌਰ ਇੱਕਲੀ ਹੀ ਆਪਣੇ ਉਕਤ ਮਕਾਨ ਵਿੱਚ ਰਹਿ ਰਹੀ ਸੀ ਤੇ ਜਿਸ ਨੇ 02 ਕਿਰਾਏਦਾਰ ਸ੍ਰੀ ਰਾਮ ਸ਼ਰਨ ਅਤੇ ਸ੍ਰੀ ਸੰਦੀਪ ਸ਼ਰਮਾਂ ਰੱਖੇ ਹੋਏ ਸਨ। ਜੋ ਮ੍ਰਿਤਕਾ ਸ੍ਰੀਮਤੀ ਸਤਨਾਮ ਕੌਰ ਦਾ ਛੋਟਾ ਲੜਕਾ ਮਨਮੋਹਣ ਸਿੰਘ ਉਰਫ ਮਨੀ ਆਪਣੇ ਪਰਿਵਾਰ ਸਮੇਤ ਕਨੇਡਾ ਰਹਿੰਦਾ ਹੈ ਅਤੇ ਵੱਡਾ ਲੜਕਾ ਜਗਮੋਹਣ ਸਿੰਘ ਉਰਫ ਜੱਗਾ ਜਿਸ ਦੀ ਸਾਲ 2017 ਵਿੱਚ ਮੌਤ ਹੋ ਗਈ ਸੀ ਅਤੇ ਜਿਸ ਦੇ ਬਾਕੀ ਪਰਿਵਾਰਕ ਮੈਂਬਰ ਪਤਨੀ ਹਰਜੋਤ ਕੌਰ ਆਪਣੇ ਬੱਚਿਆਂ ਸਮੇਤ ਪਿੰਡ ਦਾਦੂਵਾਲ ਵਿਖੇ ਰਹਿੰਦੀ ਹੈ ਤੇ ਜਿਸ ਦੀ ਆਪਣੀ ਸੱਸ ਮ੍ਰਿਤਕਾ ਸ੍ਰੀਮਤੀ ਸਤਨਾਮ ਕੌਰ ਨਾਲ ਘੱਟ ਹੀ ਬਣਦੀ ਸੀ ,ਜੋ ਮ੍ਰਿਤਕਾ ਸਤਨਾਮ ਕੌਰ ਆਪਣੇ ਲੜਕੇ ਜਗਮੋਹਣ ਸਿੰਘ ਦੀ ਮੌਤ ਹੋਣ ਸਮੇਂ ਸਿਰਫ ਉਸ ਦੇ ਭੋਗ ਤੇ ਹੀ ਗਈ ਸੀ । ਜੋ ਖੁਫੀਆ ਪੁੱਛ ਪੜਤਾਲ ਤੋਂ ਸ਼ੱਕ ਦੀ ਸੂਈ ਸ੍ਰੀਮਤੀ ਹਰਜੋਤ ਕੌਰ ਵੱਲ ਜਾਣ ਤੇ ਇਸ ਪਾਸੋਂ ਸਖਤੀ ਨਾਲ ਪੁੱਛਗਿੱਛ ਕੀਤੀ ਗਈ ਤਾਂ ਜਿਸ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਕਰਜ਼ੇ ਹੇਠ ਦੱਬੀ ਹੋਈ ਹੈ ਤੇ ਚਾਹੁੰਦੀ ਸੀ ,ਕਿ ਜੇਕਰ ਉਸ ਦੀ ਸੱਸ ਸਤਨਾਮ ਕੌਰ ਵਿੱਚੋਂ ਨਿਕਲ ਜਾਂਦੀ ਹੈ ਤਾਂ ਹੋ ਸਕਦਾ ਹੈ,ਕਿ ਉਸ ਨੂੰ ਆਪਣੀ ਸੱਸ ਦੇ ਹਿੱਸੇ ਆਉਂਦੀ ਅੱਧੀ ਜ਼ਮੀਨ ਅਤੇ ਹੋਰ ਨਗਦੀ ਬਗੈਰਾ ਦਾ ਅੱਧਾ ਹਿੱਸਾ ਮਿਲ ਸਕਦਾ ਹੈ । ਜਿਸ ਤੇ ਹਰਜੋਤ ਕੌਰ ਨੇ ਆਪਣੀ ਪਲਾਨਿੰਗ ਤਹਿਤ ਵਿਕਰਮ ਸਿੰਘ ਉਰਫ ਵਿੱਕੀ ਵਾਸੀ ਪਿੰਡ ਸਰਹਾਲੀ ਜ਼ੋ ਕਿ ਸ੍ਰੀਮਤੀ ਸਤਨਾਮ ਕੌਰ ਦੀ ਜ਼ਮੀਨ ਵਾਹੁੰਦਾ ਸੀ ,ਨੂੰ ਆਪਣੇ ਭਰੋਸੇ ਵਿੱਚ ਲੈ ਕੇ ਅਤੇ ਪੈਸਿਆਂ ਦਾ ਲਾਲਚ ਦੇ ਕੇ ਸਾਂਢ-ਗਾਂਢ ਕਰ ਲਈ ,ਕਿਉਂਕਿ ਵਿਕਰਮ ਸਿੰਘ ਉਰਫ ਵਿੱਕੀ ਨਸ਼ੇ ਕਰਨ ਦਾ ਆਦੀ ਹੈ । ਜੋ ਇਹ ਦੋਨੋਂ ਹਰਜੋਤ ਕੌਰ ਅਤੇ ਵਿਕਰਮ ਸਿੰਘ ਉਰਫ ਵਿੱਕੀ ਮਿਤੀ 29/03/2019 ਨੂੰ ਐਕਟਿਵਾ ਪਰ ਸਵਾਰ ਹੋ ਕੇ ਫਗਵਾੜਾ ਵਿਖੇ ਆਏ ਤੇ ਫਿਰ ਖਾਣ,ਪੀਣ ਤੋਂ ਬਾਅਦ ਸ੍ਰੀਮਤੀ ਸਤਨਾਮ ਕੌਰ ਦੇ ਘਰ ਆਏ ਤੇ ਜਿੰਨਾਂ ਨੇ ਚਾਹ,ਪਾਣੀ ਪੀਣ ਤੋਂ ਬਾਅਦ ਸ੍ਰੀਮਤੀ ਸਤਨਾਮ ਕੌਰ ਨੂੰ ਉਸ ਦੇ ਘਰ ਵਿੱਚ ਹੀ ਗਲ ਘੁੱਟ ਕੇ ਮਾਰ ਦਿੱਤਾ। ਜੋ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਮੁੱਕਦਮਾ ਵਿੱਚ ਦੋਸ਼ੀ ..

1. ਹਰਜੋਤ ਕੌਰ ਪਤਨੀ ਜਗਮੋਹਨ ਸਿੰਘ ਵਾਸੀ ਦਾਦੂਵਾਲ ਜਿਲ੍ਹਾ ਜਲੰਧਰ।

2. ਵਿਕਰਮ ਸਿੰਘ ਉਰਫ ਵਿਕੀ ਪੁੱਤਰ ਹਰਜੀਤ ਸਿੰਘ ਵਾਸੀ ਪਿੰਡ ਸਰਹਾਲੀ ਜਿਲ੍ਹਾ ਜਲੰਧਰ।


MANDEEP SINGH


ਜਿਲ੍ਹਾ ਸਾਂਝ ਕੇਂਦਰ
ਸੂਚਨਾ ਬੋਰਡ
ਕਪੂਰਥਲਾ
PB37H
3277